Punjabi | ਪੰਜਾਬੀ

# ਕਰੋਹਨ ਦੀ ਬਿਮਾਰੀ ਦੇ ਲੱਛਣ

## ਮੁੱਖ ਨੁਕਤੇ

- ਕਰੋਹਨ ਦੀ ਬਿਮਾਰੀ ਵਾਲੇ ਲੋਕ ਇੱਕ ਦੂਜੇ ਤੋਂ ਵੱਖਰੇ ਲੱਛਣ ਹੋਣ ਦਾ ਅਨੁਭਵ ਕਰ ਸਕਦੇ ਹਨ।
- ਕਰੋਹਨ ਦੀ ਬਿਮਾਰੀ ਹੋਣ ਦੇ ਲੱਛਣਾਂ ਵਿੱਚ ਅਕਸਰ ਪੇਟ ਵਿੱਚ ਦਰਦ ਹੋਣਾ, ਦਸਤ ਅਤੇ ਆਮ ਤੌਰ 'ਤੇ ਬਿਮਾਰ ਮਹਿਸੂਸ ਕਰਨਾ ਸ਼ਾਮਲ ਹੁੰਦਾ ਹੈ।
- ਅੰਤੜੀਆਂ ਦੀ ਸੋਜਸ਼ ਤੁਹਾਡੇ ਸਰੀਰ ਦੇ ਬਹੁਤ ਸਾਰੇ ਵੱਖ-ਵੱਖ ਹਿੱਸਿਆਂ ਨੂੰ ਪ੍ਰਭਾਵਿਤ ਕਰਨ ਵਾਲੇ ਲੱਛਣਾਂ ਦਾ ਕਾਰਨ ਬਣ ਸਕਦੀ ਹੈ, ਇਸ ਲਈ ਉਹਨਾਂ ਬਾਰੇ ਆਪਣੇ ਡਾਕਟਰ ਨਾਲ ਗੱਲ ਕਰਨਾ ਮਦਦਗਾਰ ਹੋ ਸਕਦਾ ਹੈ।

## ਕਰੋਹਨ ਦੀ ਬਿਮਾਰੀ ਦੇ ਲੱਛਣ ਕੀ ਹਨ?

ਕਰੋਹਨ ਦੀ ਬਿਮਾਰੀ ਦੇ ਲੱਛਣ ਹਰੇਕ ਵਿਅਕਤੀ ਲਈ ਵੱਖੋ-ਵੱਖਰੇ ਹੋ ਸਕਦੇ ਹਨ ਅਤੇ ਇਹ ਗੰਭੀਰ ਜਾਂ ਹਲਕੇ ਹੋ ਸਕਦੇ ਹਨ। ਇਹ ਲੱਛਣ ਇਸ ਗੱਲ 'ਤੇ ਨਿਰਭਰ ਕਰਨਗੇ ਕਿ ਤੁਹਾਡੀ ਅੰਤੜੀ ਵਿੱਚ ਸੋਜ ਕਿੱਥੇ ਦਿਖਾਈ ਦਿੰਦੀ ਹੈ।

## ਲੱਛਣ ਵਧੇ ਹੋਣ ਦੌਰਾਨ ਸਭ ਤੋਂ ਆਮ ਲੱਛਣ ਇਹ ਹੁੰਦੇ ਹਨ:

- ਪੇਟ ਦਰਦ
- ਵਾਰ-ਵਾਰ ਦਸਤ (ਕਈ ਵਾਰ ਪਾਕ ਅਤੇ ਖ਼ੂਨ ਵਿਚੇ ਮਿਲਿਆ ਹੁੰਦਾ ਹੈ) ਅਤੇ ਟਾਇਲਟ ਦੀ ਵਰਤੋਂ ਕਰਨ ਦੀ ਲੋੜ ਪੈਂਦੀ ਹੈ
- ਥਕਾਵਟ, ਹੰਭਣਾ
- ਵਧਿਆ ਤਾਪਮਾਨ, ਬੁਖ਼ਾਰ
- ਭੁੱਖ ਨਾ ਲੱਗਣੀ, ਭਾਰ ਘਟਣਾ
- ਅਨੀਮੀਆ (ਖ਼ੂਨ ਦੇ ਸੈੱਲਾਂ ਦਾ ਘਟਿਆ ਪੱਧਰ)
- ਅੰਤੜੀਆਂ ਵਿੱਚ ਸੋਜਸ਼ ਸਰੀਰ ਲਈ ਭੋਜਨ ਵਿੱਚੋਂ ਪੌਸ਼ਟਿਕ ਤੱਤਾਂ ਨੂੰ ਜਜ਼ਬ ਕਰਨਾ ਔਖਾ ਬਣਾ ਸਕਦੀ ਹੈ, ਜਿਸ ਨਾਲ ਇਹਨਾਂ ਵਿੱਚੋਂ ਬਹੁਤ ਸਾਰੇ ਲੱਛਣ ਹੋ ਸਕਦੇ ਹਨ।

## ਲੱਛਣ ਵਧੇ ਹੋਣ ਦੌਰਾਨ ਸਭ ਤੋਂ ਘੱਟ ਹੋਣ ਵਾਲੇ ਲੱਛਣ ਇਹ ਹੁੰਦੇ ਹਨ:

- ਜੋੜਾਂ ਦਾ ਦਰਦ
- ਮੂੰਹ ਦੇ ਛਾਲੇ (ਫੋੜੇ)
- ਅੱਖਾਂ ਦੀ ਸੋਜ (ਯੂਵਾਈਟਿਸ ਅਤੇ ਐਪੀਸਕਲਿਟਿਸ)
- ਜਿਗਰ ਦੀ ਸੋਜਸ਼ (ਪ੍ਰਾਇਮਰੀ ਸਕਲੇਰੋਜ਼ਿੰਗ ਕੋਲਾਂਗਾਈਟਿਸ (PSC))
- ਚਮੜੀ ਦੇ ਧੱਫੜ

ਹਮੇਸ਼ਾ ਆਪਣੇ ਡਾਕਟਰ ਨੂੰ ਪੁੱਛੋ ਜੇ ਤੁਸੀਂ ਆਪਣੇ ਕਿਸੇ ਲੱਛਣ ਬਾਰੇ ਚਿੰਤਤ ਹੋ।

## ਅੰਗਰੇਜ਼ੀ ਵਿੱਚ ਸਹਾਇਤਾ ਜਾਂ ਜਾਣਕਾਰੀ ਲਈ

1800 138 029

info@crohnsandcolitis.org.au

https://crohnsandcolitis.org.au/resources-in-other-languages

https://crohnsandcolitis.org.au/support-groups

## ਕਰੋਹਨਜ਼ ਅਤੇ ਕੋਲਾਈਟਿਸ ਆਸਟ੍ਰੇਲੀਆ ਨਾਲ ਜੁੜੋ

https://instagram.com/crohnsandcolitisau

https://facebook.com/crohnsandcolitis

https://youtube.com/c/crohnsandcolitisaustraliaCCA

https://tiktok.com/@crohnsandcolitisau

https://linkedin.com/company/crohnsandcolitisaus

https://x.com/crohnscolitisau